# 2021-22 ਖੰਡ ਮੌਸਮ ਦੌਰਾਨ ਭਾਰਤ ਦਾ ਗੰਨੇ ਮੁੱਲ ਬਕਾਇਆ 5,775 ਕਰੋੜ ਰੁਪਏ ਵਧਿਆ

2021-22 ਖੰਡ ਮੌਸਮ (ਅਕਤੂਬਰ-ਸਤੰਬਰ) ਵਿੱਚ ਕਿਸਾਨਾਂ ਦੇ ਗੰਨੇ ਦੇ ਬਕਾਏ ਵਿੱਚ ਪਿਛਲੇ ਮੌਸਮ ਨਾਲੋਂ 5,775 ਕਰੋੜ ਰੁਪਏ ਦਾ ਵਾਧਾ ਹੋਇਆ ਹੈ, ਜਿਸ ਵਿੱਚ ਕਿਸਾਨਾਂ ਦੀ ਸਭ ਤੋਂ ਵੱਧ ਅਦਾ ਨਾ ਕੀਤੀ ਗਈ ਰਕਮ ਉੱਤਰ ਪ੍ਰਦੇਸ਼ ਵਿੱਚ ਹੈ।

ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਵੱਲੋਂ ਆਪਣੀ 'ਗੰਨੇ ਦੀ ਮੁੱਲ ਨੀਤੀ: 2022-23 ਖੰਡ ਮੌਸਮ' ਵਿੱਚ ਦਰਜ ਕੀਤੇ ਅੰਕੜਿਆਂ ਮੁਤਾਬਿਕ, 30 ਸਤੰਬਰ, 2022 ਤੱਕ ਗੰਨੇ ਦੇ ਮੁੱਲ ਦਾ ਸੰਚਿਤ ਬਕਾਇਆ 8,380 ਕਰੋੜ ਰੁਪਏ ਸੀ, ਜਿਸ ਵਿੱਚੋਂ 2021-22 ਮੌਸਮ ਦਾ ਬਕਾਇਆ 5,910 ਕਰੋੜ ਰੁਪਏ ਹੈ, ਜਿਹੜਾ ਕਿ 2020-21 ਮੌਸਮ ਲਈ 135 ਕਰੋੜ ਰੁਪਏ ਦੇ ਬਕਾਇਆ ਤੋਂ ਕਾਫ਼ੀ ਜ਼ਿਆਦਾ ਹੈ — 4,277.7% ਦਾ ਵਾਧਾ।

ਸੀ ਏ ਸੀ ਪੀ ਨੇ ਕਿਹਾ ਕਿ ਸਾਰੇ ਰਾਜਾਂ ਵਿੱਚੋਂ, 2021-22 ਦੌਰਾਨ ਗੰਨਾ ਦੀ ਕੀਮਤ ਦੇ ਕੁੱਲ ਬਕਾਇਆ ਦਾ 66.7% (3,945 ਕਰੋੜ ਰੁਪਏ) ਉੱਤਰ ਪ੍ਰਦੇਸ਼ ਵਿੱਚ ਹੈ, ਉਸ ਤੋਂ ਬਾਅਦ ਗੁਜਰਾਤ ਵਿੱਚ 999 ਕਰੋੜ ਰੁਪਏ (16.9%), ਮਹਾਰਾਸ਼ਟਰ ਵਿੱਚ 349 ਕਰੋੜ ਰੁਪਏ (5.9%), ਅਤੇ ਤਾਮਿਲਨਾਡੂ ਵਿੱਚ 221 ਕਰੋੜ ਰੁਪਏ (3.7%) ਹੈ। ਸੰਚਿਤ ਗੰਨੇ ਦੇ ਬਕਾਏ ਦਾ ਵੱਡਾ ਹਿੱਸਾ ਉੱਤਰ ਪ੍ਰਦੇਸ਼ (47.7%), ਤਾਮਿਲਨਾਡੂ (20%), ਗੁਜਰਾਤ (12.4%) ਅਤੇ ਮਹਾਰਾਸ਼ਟਰ (9.3%) ਵਿੱਚ ਦਰਜ ਕੀਤਾ ਗਿਆ।

ਸੀਏਸੀਪੀ ਨੇ 2023-24 ਦੀ ਗੰਨੇ ਦੀ ਮੁੱਲ ਨੀਤੀ ਵਿੱਚ ਜ਼ਿਕਰ ਕੀਤਾ ਹੈ, "ਘਰੇਲੂ ਅਤੇ ਵਿਸ਼ਵ, ਦੋਵੇਂ ਬਾਜ਼ਾਰਾਂ ਵਿੱਚ ਪਿਛਲੇ ਦੋ ਸਾਲਾਂ ਦੌਰਾਨ ਵੱਧ ਉਤਪਾਦਨ ਅਤੇ ਖੰਡ ਦੀਆਂ ਘੱਟ ਕੀਮਤਾਂ ਕਾਰਨ ਗੰਨੇ ਦਾ ਮੁੱਲ ਬਕਾਇਆ ਵਧ ਰਿਹਾ ਹੈ। ਬਕਾਏ ਵਿੱਚ ਵਾਧਾ ਅਤੇ ਅਦਾਇਗੀ ਵਿੱਚ ਦੇਰੀ ਨਾ ਤਾਂ ਕਿਸਾਨਾਂ ਅਤੇ ਨਾ ਹੀ ਖੰਡ ਮਿੱਲਾਂ ਦੇ ਹੱਕ ਵਿੱਚ ਹੈ।"

ਕਮਿਸ਼ਨ ਨੇ ਨੀਤੀ ਵਿੱਚ ਟਿੱਪਣੀ ਕੀਤੀ ਕਿ ਹਰਿਆਣਾ, ਪੰਜਾਬ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਸੂਬੇ ਗੰਨੇ ਲਈ ਰਾਜ ਦਾ ਸਿਫ਼ਾਰਿਸ਼ੀ ਮੁੱਲ (ਐਸ ਏ ਪੀ) ਐਲਾਨ ਕਰਦੇ ਹਨ, ਜਿਹੜਾ ਕਿ ਭਾਰਤ ਸਰਕਾਰ ਵੱਲੋਂ ਤੈਅ ਕੀਤੇ ਗਏ ਢੁੱਕਵੇਂ ਅਤੇ ਲਾਹੇਵੰਦ ਮੁੱਲ (ਐਫ਼ ਆਰ ਪੀ) ਤੋਂ ਵੱਧ ਹੈ।

"ਕਿਉਂਕਿ ਐਸ ਏ ਪੀ ਵਿਗਿਆਨਕ ਤੌਰ 'ਤੇ ਨਿਰਧਾਰਤ ਨਹੀਂ ਕੀਤਾ ਗਿਆ ਹੈ ਅਤੇ ਐਫ਼ ਆਰ ਪੀ ਦੇ ਉਲਟ ਖੰਡ ਦੀ ਪ੍ਰਾਪਕੀ ਨਾਲ ਜੁੜਿਆ ਨਹੀਂ ਹੈ, ਇਹ ਕਿਸਾਨਾਂ ਨੂੰ ਉੱਚ ਗੁਣਵੱਤਾ ਵਾਲੇ ਗੰਨੇ ਦੇ ਉਤਪਾਦਨ ਲਈ ਉਤਸ਼ਾਹਿਤ ਨਹੀਂ ਕਰਦਾ ਹੈ। ਦੂਜੇ ਪਾਸੇ, ਐਫ਼ ਆਰ ਪੀ ਖੰਡ ਦੀ ਮੂਲ ਪ੍ਰਾਪਤੀ ਦਰ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਖੰਡ ਦੀ ਵੱਧ ਪ੍ਰਾਪਤੀ ਹੋਣ 'ਤੇ ਕਿਸਾਨਾਂ ਨੂੰ ਪ੍ਰੀਮਿਅਮ ਦਾ ਭੁਗਤਾਨ ਕੀਤਾ ਜਾਂਦਾ ਹੈ। ਕਿਉਂਕਿ ਖੰਡ ਮਿੱਲਾਂ ਨੂੰ ਐਸ ਏ ਪੀ ਦਾ ਭੁਗਤਾਨ ਕਰਨਾ ਪੈਂਦਾ ਹੈ, ਜਿਹੜਾ ਕਿ ਐਫ਼ ਆਰ ਪੀ ਤੋਂ ਵੱਧ ਹੈ, ਇਸ ਨਾਲ ਗੰਨੇ ਦੀਆਂ ਕੀਮਤਾਂ ਦਾ ਬਕਾਇਆ ਵਧਦਾ ਹੈ, ਖਾਸ ਕਰਕੇ ਜਦੋਂ ਖੰਡ ਦੀਆਂ ਕੀਮਤਾਂ ਘੱਟ ਹੁੰਦੀਆਂ ਹਨ," ਕਮਿਸ਼ਨ ਨੇ ਕਿਹਾ।

ਸੀ ਏ ਸੀ ਪੀ ਨੇ ਕਿਹਾ ਕਿ 2021-22 ਦੌਰਾਨ, ਸਾਰੇ ਚਾਰ ਰਾਜਾਂ ਵਿੱਚ ਐਸ ਏ ਪੀ ਵਿੱਚ ਵਾਧਾ ਕੀਤਾ ਗਿਆ ਸੀ, ਜਿਸ ਨਾਲ ਪੰਜਾਬ, ਹਰਿਆਣਾ ਅਤੇ ਉੱਤਰਾਖੰਡ ਵਿੱਚ ਐਸ ਏ ਪੀ ਅਤੇ ਐਫ਼ ਆਰ ਪੀ ਵਿਚਕਾਰ ਅੰਤਰ ਵਧ ਗਿਆ। 2023-24 ਲਈ ਗੰਨਾ ਮੁੱਲ ਨੀਤੀ ਵਿੱਚ, ਕਮਿਸ਼ਨ ਨੇ ਆਪਣੀ ਪਿਛਲੀ ਸਿਫ਼ਾਰਿਸ਼ ਨੂੰ ਦੁਹਰਾਇਆ ਹੈ ਕਿ ਰਾਜ ਸਰਕਾਰਾਂ ਨੂੰ ਐਸ ਏ ਪੀ ਦਾ ਐਲਾਨ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਕਮਿਸ਼ਨ ਨੇ ਕਿਹਾ ਹੈ ਕਿ ਜੇਕਰ ਰਾਜ ਸਰਕਾਰਾਂ ਐਸ ਏ ਪੀ ਨੂੰ ਜਾਰੀ ਰੱਖਣਾ ਚਾਹੁੰਦੀਆਂ ਹਨ, ਤਾਂ ਉਹਨਾਂ ਨੂੰ ਸਿੱਧਾ ਲਾਭ ਤਬਾਦਲਾ (ਡੀ ਬੀ ਟੀ) ਰਾਹੀਂ ਗੰਨਾ ਕਿਸਾਨਾਂ ਨੂੰ ਐਸ ਏ ਪੀ ਅਤੇ ਐਫ਼ ਆਰ ਪੀ ਵਿਚਕਾਰ ਅੰਤਰ ਦਾ ਭੁਗਤਾਨ ਕਰਨਾ ਚਾਹੀਦਾ ਹੈ ਅਤੇ ਮਿੱਲਾਂ ਨੂੰ ਵਾਧੂ ਬੋਝ ਚੁੱਕਣ ਲਈ ਮਜਬੂਰ ਨਹੀਂ ਕਰਨਾ ਚਾਹੀਦਾ।

**ਗੰਨੇ ਦੀ ਕੀਮਤ ਦੇ ਬਕਾਇਆ ਦਾ ਵੇਰਵਾ**

| ਰਾਜ | 2019-20 ਤੱਕ (ਰੁਪਏ ਕਰੋੜ) | 2020-21 | 2021-22* | | ਸੰਚਿਤ ਬਕਾਇਆ | |
|---|---|---|---|---|---|---|
| | | | ਰੁਪਏ ਕਰੋੜ | ਫ਼ੀਸਦੀ | ਰੁਪਏ ਕਰੋੜ | ਫ਼ੀਸਦੀ |
| ਉੱਤਰ ਪ੍ਰਦੇਸ਼ | 42 | 11 | 3,943 | 66.7% | 3,996 | 47.7% |
| ਗੁਜਰਾਤ | 36 | 0 | 999 | 16.9% | 1,035 | 12.4% |
| ਮਹਾਰਾਸ਼ਟਰ | 317 | 111 | 349 | 5.9% | 777 | 9.3% |
| ਤਾਮਿਲਨਾਡੂ | 1,453 | 0 | 221 | 3.7% | 1,674 | 20% |
| ਆਂਧਰਾ ਪ੍ਰਦੇਸ਼ | 75 | 2 | 42 | 0.7% | 119 | 1.4% |
| ਕਰਨਾਟਕ | 38 | 0 | -- | 0 | 38 | 0.5% |

| | | | | | | |
|---|---|---|---|---|---|---|
| ਛੱਤੀਸਗੜ੍ਹ | 8 | 0 | 0 | 0 | 8 | 0.1% |
| ਹਰਿਆਣਾ | 0 | 0 | 63 | 1.1% | 63 | 0.8% |
| ਉਤਰਾਖੰਡ | 205 | 0 | 34 | 0.6% | 239 | 2.9% |
| ਪੰਜਾਬ | 31 | 7 | 58 | 1% | 96 | 1.1% |
| ਤੇਲੰਗਾਨਾ | 0 | 0 | 0 | 0 | 0 | 0 |
| ਬਿਹਾਰ | 128 | 4 | 0 | 0 | 132 | 1.6% |
| ਹੋਰ ਰਾਜ | 0 | 0 | 201 | 3.4% | 203 | 2.4% |
| ਕੁੱਲ ਭਾਰਤ | 2,335 | 135 | 5,910 | 100% | 8,380 | 100% |

***ਨੋਟ:*** **ਖੰਡ ਸੀਜ਼ਨ 2021-22 ਲਈ 30 ਸਤੰਬਰ, 2022 ਨੂੰ*

***ਸਰੋਤ:*** *ਖੰਡ ਅਤੇ ਬਨਸਪਤੀ ਤੇਲ ਡਾਇਰੈਕਟੋਰੇਟ, ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲਾ*